# SOCIAL RESEARCH



# INTRODUCTION

ਮਨੁੱਖ ਨੂੰ ਧਰਤੀ ਉੱਤੇ ਉਸ ਦੀ ਬੌਧਿਕ ਸ੍ਰੇਸ਼ਟਤਾ ਦੇ ਕਾਰਨ ਹੀ ਹੋਰ ਜੀਵ ਜੰਤੂਆਂ ਨਾਲੋਂ ਸਰਵਉੱਤਮ ਮੰਨਿਆ ਜਾਂਦਾ ਹੈ। ਮਨੁੱਖ ਦੇ ਆਲੇ-ਦੁਆਲੇ ਜੋ ਕੁੱਝ ਵਾਪਰਦਾ ਹੈ ਉਸ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਮਨੁੱਖ ਦੀ ਸੁਭਾਵਿਕ ਰੁਚੀ ਹੈ। ਉਹ ਹਰ ਪਲ ਕੀ , ਕਿਉਂ , ਅਤੇ ਕਿਵੇਂ ਦਾ ਉੱਤਰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ ਜਿਸ ਕਾਰਨ ਇਹ ਕਿਹਾ ਜਾ ਸਕਦਾ ਹੈ ਕਿ ਖੋਜ ਮਨੁੱਖੀ ਜੀਵਨ ਦਾ ਇੱਕ ਅਟੁੱਟ ਅੰਗ ਹੈ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਖੋਜ ਦੀ ਧਾਰਨਾ , ਮਨੁੱਖ ਦੀ ਜਾਣਕਾਰੀ ਪ੍ਰਾਪਤ ਕਰਨ ਦੇ ਕੁਦਰਤੀ ਸੁਭਾਅ ਵਿੱਚ ਹੀ ਸ਼ਾਮਿਲ ਹੈ ਅਤੇ ਇਸ ਦਾ ਵਿਕਾਸ , ਮਨੁੱਖ ਦੇ ਆਪਣੀ ਪ੍ਰਗਤੀ ਅਤੇ ਆਸ – ਪਾਸ ਬਾਰੇ ਹੋਰ ਚੰਗੀ ਤਰ੍ਹਾਂ ਜਾਣਨ ਦੀ ਇੱਛਾ ਵਜੋਂ ਹੋਇਆ ਹੈ।

# MEANING


- ਖੋਜ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ ' ਰਿਸਰਚ ' Research ਸ਼ਬਦ ਦਾ ਪੰਜਾਬੀ ਅਨੁਵਾਦ ਹੈ। ਅੰਗਰੇਜ਼ੀ ਭਾਸ਼ਾ ਦਾ ਰਿਸਰਚ ਸ਼ਬਦ 'ਰਿ' (Re) ਅਤੇ 'ਸਰਚ'(Search) ਦੇ ਮੇਲ ਤੋਂ ਬਣਿਆ ਹੈ। 'ਰਿ' (Re) ਸ਼ਬਦ ਦਾ ਅਰਥ ਹੈ ' ਮੁੜ ਤੋਂ ' ਜਦ ਕਿ ' ਸਰਚ ' (Search) ਸ਼ਬਦ ਦਾ ਅਰਥ ਹੈ ' ਲੱਭਣਾ' । ਇਸ ਤਰ੍ਹਾਂ ਖੋਜ ਦਾ ਅਰਥ ਪੁਰਾਣੇ ਤੱਥਾਂ ਦੀ ਮੁੜ ਤੋਂ ਪੁਸ਼ਟੀ ਕਰਨਾ ਅਤੇ ਨਾਲ ਹੀ ਨਾਲ ਨਵੇਂ ਤੱਥਾਂ ਨੂੰ ਲੱਭਣਾ ਹੈ।



# DEFINITIONS

- ਖੋਜ ਵਿਗਿਆਨਿਕ ਖੇਤਰ ਵਿੱਚ ਵੀ ਹੋ ਸਕਦੀ ਹੈ ਅਤੇ ਸਮਾਜਿਕ ਖੇਤਰ ਨਾਲ ਸੰਬੰਧਿਤ ਕਿਸੇ ਵਿਸ਼ੇ ਬਾਰੇ ਵੀ। ਜਦੋਂ ਖੋਜ ਦਾ ਕੇਂਦਰ ਬਿੰਦੂ ਕਿਸੇ ਮਨੁੱਖੀ ਸਮਾਜ ਨਾਲ ਸੰਬੰਧਿਤ  ਵਿਸ਼ਾ ਹੋਵੇ ਤਾਂ ਉਸ ਨੂੰ ਸਮਾਜਿਕ ਖੋਜ ਦਾ ਨਾਂ ਦਿੱਤਾ ਜਾਂਦਾ ਹੈ। ਜਦ ਕੋਈ ਖੋਜ ਰਾਜਨੀਤਿਕ ਸਮੱਸਿਆਵਾਂ ਅਤੇ ਘਟਨਾਵਾ ਨਾਲ ਸੰਬੰਧਿਤ ਹੋਵੇ ਤਾਂ ਉਸ ਨੂੰ ਰਾਜਨੀਤਿਕ  ਵਿਗਿਆਨਾ  ਨਾਲ ਸੰਬੰਧਿਤ ਖੋਜ ਕਿਹਾ ਜਾਂਦਾ ਹੈ।

1. ਵੀ . ਡੀ. ਡਾਇਕ ਦਾ ਇਹ ਮੰਨਣਾ ਹੈ ਕਿ ਸਮਾਜਿਕ ਖੋਜ, ਸਮਾਜਿਕ ਜੀਵਨ ਬਾਰੇ ਜਾਣਕਾਰੀ ਪ੍ਰਾਪਤ ਕਰਨਾ , ਵਿਸ਼ਲੇਸ਼ਣ ਕਰਨ ਦਾ ਲੜੀਵਾਰ ਢੰਗ ਹੈ , ਜਿਸ ਦਾ ਉਦੇਸ਼ ਗਿਆਨ ਵਿੱਚ ਵਾਧਾ , ਸੋਧ ਜਾਂ ਪੁਸ਼ਟੀ ਕਰਨਾ ਹੈ।
2. ਜੇ . ਡਬਲਿਊ . ਬੈਸਟ ਦੇ ਅਨੁਸਾਰ ," ਖੋਜ ਅਜਿਹੀ ਤਰਤੀਬਵਾਰ ਤੇ ਵਿਵਸਥਿਤ ਗਤੀਵਿਧੀ ਹੈ , ਜਿਸ ਦੁਆਰਾ ਗਿਆਨ ਦੀ ਪ੍ਰਾਪਤੀ ਜਾਂ ਇਸ  ਵਿੱਚ ਵਾਧਾ ਕੀਤਾ ਜਾਂਦਾ ਹੈ। "
3. ਮੋਜ਼ਰ ਦੇ ਅਨੁਸਾਰ , "ਸਮਾਜਿਕ ਸਥਿਤੀਆਂ ਅਤੇ ਸਮੱਸਿਆਵਾਂ ਦੇ ਵਿਸ਼ੇ ਵਿੱਚ ਨਵਾਂ ਗਿਆਨ ਪ੍ਰਾਪਤ ਕਰਨ ਦੇ ਉਦੇਸ਼ ਨਾਲ ਕੀਤੀ ਗਈ ਖੋਜ ਨੂੰ ਸਮਾਜਿਕ ਖੋਜ ਦਾ ਨਾਂ ਦਿੱਤਾ ਜ



# NATURE OF SOCIAL RESEARCH

1. ਸਮਾਜਿਕ ਖੋਜ ਦਾ ਸੰਬੰਧ ਸਮਾਜਿਕ ਵਾਸਤਵਿਕਤਾ ਨਾਲ ਹੈ ।
2. ਸਮਾਜਿਕ ਖੋਜ ਮਨੁੱਖ ਦੇ ਵਿਵਹਾਰ ਦਾ ਅਧਿਐਨ ਹੈ ।
3. ਸਮਾਜਿਕ ਖੋਜ ਸਮਾਜਿਕ ਤੱਥਾਂ ਦੀ ਪੁਸ਼ਟੀ ਹੈ ।
4. ਸਮਾਜਿਕ ਖੋਜ ਬਾਹਰਮੁੱਖੀ ਤੇ ਤਰਕਪੂਰਣ ਹੁੰਦੀ ਹੈ ।
5. ਇਹ ਕਾਰਣ ਤੇ ਪ੍ਰਭਾਵ ਦੇ ਸੰਬੰਧਾਂ ਦੀ ਵਿਆਖਿਆ ਕਰਦੀ ਹੈ ।
6. ਇਹ ਮੂਲ ਸਿਧਾਂਤਾਂ ਦੀ ਖੋਜ ਕਰਦੀ ਹੈ ।
7. ਇਹ ਨਵੀਆਂ ਖੋਜ ਤਕਨੀਕਾਂ ਅਤੇ ਸਾਧਨਾ ਦੀ ਖੋਜ ਕਰਦੀ ਹੈ ।
8. ਅਗਿਆਤ ਨੂੰ ਜਾਣਨ ਦੀ ਜਗਿਆਸਾ ।
9. ਨਵੇਂ ਹਾਲਾਤਾਂ ਦਾ ਉਭਾਰ ।



# RESEARCH METHODOLOGY

ਸਮਾਜਿਕ ਖੋਜ ਦੀਆਂ ਦੋ ਵਿਧੀਆਂ ਹਨ ਉਹ ਇਸ ਪ੍ਰਕਾਰ ਹਨ-

1. ਗੁਣਾਤਮਕ ਵਿਧੀ ।
2. ਸੰਖਿਆਤਮਕ ਵਿਧੀ ।

# TYPES OF SOCIAL RESEARCH

- ਸਮਾਜਿਕ ਖੋਜ ਦੇ ਸਰੂਪ , ਉਦੇਸ਼ ਅਤੇ ਗਿਆਨ ਪ੍ਰਾਪਤੀ ਦੇ ਆਧਾਰ ਉੱਤੇ ਖੋਜ ਨੂੰ ਹੇਠਾਂ ਲਿਖੀਆਂ ਤਿੰਨ ਸ਼੍ਰੇਣੀਆਂ ਵਿੱਚ ਵਰਗੀਕ੍ਰਿਤ ਕੀਤਾ ਜਾ ਸਕ

1. ਮੌਲਿਕ ਜਾਂ ਸਿਧਾਂਤਕ ਖੋਜ
2. ਵਿਵਹਾਰਿਕ ਜਾਂ ਅਮਲੀ ਖੋਜ
3. ਕਾਰਜਾਤਮਕ ਜਾਂ ਕਿਰਿਆ ਖੋਜ ।


ਇੰਨ੍ਹਾਂ ਦਾ ਵਿਸਥਾਰ ਪੂਰਵਕ ਵਰਨਣ ਹੇਠਾਂ ਲਿਖੇ ਅਨੁਸਾਰ ਹੈ –

**ਮੌਲਿਕ ਜਾਂ ਸਿਧਾਂਤਕ ਖੋਜ**

ਮੌਲਿਕ ਖੋਜ ਨੂੰ ਸ਼ੁੱਧ ਖੋਜ ਵੀ ਕਿਹਾ ਜਾਂਦਾ ਹੈ । ਮੌਲਿਕ ਖੋਜ ਕਰਨ ਦੀ ਜ਼ਰੂਰਤ ਉਸ ਸਮੇਂ ਮਹਿਸੂਸ ਹੁੰਦੀ ਹੈ ਜਦ ਸਮਾਜ ਵਿੱਚ ਅਜਿਹੀਆਂ ਨਵੀਆਂ ਸਮੱਸਿਆਵਾਂ ਅਤੇ ਹਾਲਾਤਾਂ ਦਾ ਉਭਾਰ ਹੁੰਦਾ ਹੈ , ਜਿਨ੍ਹਾਂ ਦਾ ਯੋਗ ਹੱਲ ਕਰਨ ਵਿੱਚ ਪੁਰਾਣੀਆਂ ਧਾਰਨਾਵਾਂ ਅਸਫਲ ਰਹਿੰਦੀਆਂ ਹਨ । ਖੋਜ ਕਰਤਾ ਇੰਨ੍ਹਾਂ ਸਮੱਸਿਆਵਾਂ ਅਤੇ ਹਾਲਾਤਾਂ ਨਾਲ ਨਜਿੱਠਣ ਲਈ ਨਵੇਂ ਸਿਧਾਂਤਾਂ ਅਤੇ ਧਾਰਨਾਵਾਂ ਦੀ ਸਿਰਜਣਾ ਕਰਦਾ ਹੈ ਅਤੇ ਜਿਸ ਦੇ ਫਲਸਰੂਪ ਮਨੁੱਖੀ ਗਿਆਨ ਵਿੱਚ ਵਾਧਾ ਹੁੰਦਾ ਹੈ , ਤਾਂ ਅਜਿਹੀ ਖੋਜ ਨੂੰ ਮੌਲਿਕ ਜਾਂ ਸਿਧਾਂਤਕ ਖੋ ਨਾਂ ਦਿੱਤਾ ਜਾਂਦਾ ਹੈ । ਮੌਲਿਕ ਖੋਜ ਨੂੰ ਹੇਠਾਂ ਲਿਖੀਆਂ ਦੋ ਉੱਪ – ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ -

I ਨਵੇਂ ਸਿਧਾਂਤਾਂ ਦੀ ਖੋਜ

II ਮੌਜੂਦਾ ਸਿਧਾਂਤਾਂ ਦਾ ਵਿਕਾਸ ।



# ਵਿਵਹਾਰਿਕ ਜਾਂ ਅਮਲੀ ਖੋਜ

ਵਿਵਹਾਰਿਕ ਜਾਂ ਅਮਲੀ ਖੋਜ ਦਾ ਮੂਲ ਮੰਤਵ ਸਮਾਜਿਕ ਵਿਗਿਆਨਾਂ ਵਿੱਚ ਹੋਈ ਮੌਲਿਕ ਖੋਜ ਦੇ ਸਿੱਟੇ ਵਜੋਂ ਪ੍ਰਾਪਤ ਹੋਏ ਸਿਧਾਂਤਾਂ ਅਤੇ ਨਤੀਜਿਆਂ ਨੂੰ ਅਮਲੀ ਤੌਰ ਤੇ ਲਾਗੂ ਕਰਨਾ ਹੁੰਦਾ ਹੈ। ਇਸ ਖੋਜ ਦੁਆਰਾ ਸਿਧਾਂਤਾਂ ਅਤੇ ਨਤੀਜਿਆਂ ਨੂੰ ਵਾਸਤਵਿਕ ਸਮਾਜਿਕ ਹਾਲਾਤਾਂ ਅਧੀਨ ਪਰਖਿਆ ਜਾਂਦਾ ਹੈ। ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਵਿਵਹਾਰਿਕ ਜਾਂ ਅਮਲੀ ਖੋਜ ਦਾ ਸਮਾਜਿਕ ਵਿਗਿਆਨ ਦੇ ਖੇਤਰ ਵਿੱਚ ਬਹੁਪੱਖੀ ਯੋਗਦਾਨ ਰਹਿੰਦਾ ਹੈ ਜਿਵੇਂ ਕਿ –

- ਕਿਸੇ ਸਿਧਾਂਤ ਦੀ ਸਮਾਜਿਕ ਉਪਯੋਗਤਾ ਨੂੰ ਸਿੱਧ ਕਰਨਾ ਤਾਂ ਜੋ ਉਸ ਸਿਧਾਂਤ ਦੀ ਮਾਨਤਾ ਬਣੀ ਰਹੇ।
- ਅਜਿਹੀਆਂ ਵਿਧੀਆਂ , ਤਕਨੀਕਾਂ ਅਤੇ ਸਾਧਨਾ ਨੂੰ ਵਿਕਸਿਤ ਕਰਨ ਵਿੱਚ ਸਹਾਇਤਾ ਕਰਨਾ ਜੋ ਕਿ ਮੌਲਿਕ ਖੋਜ ਵਿੱਚ ਵੀ ਲਾਭਦਾਇਕ ਹੋ ਸਕਣ।
- ਅਜਿਹੀ ਸੂਚਨਾ ਅਤੇ ਅੰਕੜਿਆਂ ਨੂੰ ਪ੍ਰਦਾਨ ਕਰਨਾ ਜੋ ਸਾਧਾਰਨੀਕਰਣ ਦੀ ਪ੍ਰੀਕਿਰਿਆ ਨੂੰ ਤੇਜ਼ ਕਰਨ ਵਿੱਚ ਮਦਦ ਦੇ

  ਸਕਣ।

# ਕਾਰਜਾਤਮਕ ਖੋਜ

ਕਾਰਜਾਤਮਕ ਖੋਜ ਅਧੀਨ , ਕਿਸੇ ਸਥਾਨਕ ਜਾਂ ਖੇਤਰੀ ਸਮੱਸਿਆ ਨੂੰ ਚੁਣ ਕੇ ਉਸ ਸਮੱਸਿਆ ਦੇ ਹੱਲ ਕਰਨ ਲਈ ਢੁੱਕਵੇਂ ਯਤਨ ਕੀਤੇ ਜਾਂਦੇ ਹਨ। ਕਈ ਵਾਰ , ਅਜਿਹੀ ਖੋਜ ਅਧੀਨ ਕਿਸੇ ਅਜਿਹੇ ਕਾਰਜਕ੍ਰਮ ਵਿੱਚ ਸੁਧਾਰ ਲਿਆਉਣ ਅਤੇ ਉਸ ਨੂੰ ਸਹੀ ਦਿਸ਼ਾ ਦੇਣ ਲਈ ਵੀ ਯਤਨ ਕੀਤਾ ਜਾਂਦਾ ਹੈ। ਕਾਰਜਾਤਮਕ ਖੋਜ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਕਈ ਗੱਲਾਂ ਦਾ ਧਿਆਨ ਰੱਖਿਆ ਜਾਣਾ ਜ਼ਰੂਰੀ ਹੈ ਜਿਵੇਂ ਕਿ –

- ਅਧਿਐਨ ਅਧੀਨ ਸਮੱਸਿਆ ਸੰਬੰਧੀ ਖੋਜਕਰਤਾ ਨੂੰ ਸੰਪੂਰਨ ਗਿਆਨ ਹੋਣ ਦੇ ਨਾਲ-ਨਾਲ ਸੱਮਸਿਆ ਨਾਲ ਸੰਬੰਧਿਤ ਵੱਖ-ਵੱਖ ਤੱਥਾਂ ਅਤੇ ਸਮੱਸਿਆਵਾਂ ਦੇ ਕਾਰਨਾਂ ਸੰਬੰਧੀ ਜਾਣਕਾਰੀ ਹੋਣੀ ਚਾਹੀਦੀ ਹੈ।
- ਇਹ ਵੀ ਜ਼ਰੂਰੀ ਹੈ ਕਿ ਅਧਿਐਨ ਅਧੀਨ ਇਕਾਈਆਂ ਸੰਬੰਧੀ ਵੀ ਜਾਣਕਾਰੀ ਇੱਕਠੀ ਕਰ ਲਈ ਜਾਵੇ। ਕਿਉਂਕਿ ਕਈ ਵਾਰੀ ਅਜਿਹਾ ਹੁੰਦਾ ਹੈ ਕਿ ਕੁੱਝ ਲੋਕ ਆਪਣੇ ਨਿੱਜੀ ਹਿੱਤਾਂ ਦੇ ਕਾਰਨ ਕਿਸੇ ਤਰ੍ਹਾਂ ਦਾ ਬਦਲਾਵ ਨਹੀਂ ਚਾਹੁੰਦੇ ਅਤੇ ਬਦਲਾਵ ਨਹੀਂ ਚਾਹੁੰਦੇ ਅਤੇ ਉਹਨਾਂ ਦੀ ਇਹ ਇੱਛਾ ਹੁੰਦੀ ਹੈ ਕਿ ਯਥਾਪੂਰਵਕ ਦੀ ਸਥਿਤੀ ਬਣੀ ਰਹੇ। ਇਸ ਲਈ ਇਹ ਸੰਭਵ ਹੈ ਕਿ ਉਹ ਖੋਜਕਰਤਾ ਨੂੰ ਆਪਣਾ ਸਹਿਯੋਗ ਨਾ ਦੇਣ। ਅਜਿਹੀ ਸਥਿਤੀ ਵਿੱਚ ਖੋਜ ਕਰਤਾ ਨੂੰ ਨਿਰਪੱਖ ਦ੍ਰਿਸ਼ਟੀਕੋਣ ਅਪਣਾਉਂਦੇ ਹੋਏ ਉਹਨਾਂ ਇਕਾਈਆਂ ਨੂੰ ਸਹਿਯੋਗ ਕੀਤੇ ਜਾਣ ਲਈ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ।

# CONCLUSION

ਉਪਰੋਕਤ ਦਿੱਤੇ ਵੇਰਵੇ ਤੋਂ ਸਾਨੂੰ ਪਤਾ ਲੱਗਾ ਹੈ ਕਿ ਖੋਜ ਮਨੁੱਖੀ ਜੀਵਨ ਦਾ ਇੱਕ ਅਟੁੱਟ ਅੰਗ ਹੈ | ਮਨੁੱਖ ਨੂੰ ਬਾਕੀ ਜੀਵ ਜੰਤੂਆਂ ਨਾਲੋਂ ਸਰਵਉੱਤਮ ਮੰਨਿਆ ਗਿਆ ਹੈ | ਸਮਾਜਿਕ ਖੋਜ ਦੀਆਂ ਅਨੇਕਾਂ ਵਿਸ਼ੇਸ਼ਤਾਵਾਂ ਹਨ ਜਿਵੇਂ ਕਿ ਸਮਾਜਿਕ ਖੋਜ ਦਾ ਸੰਬੰਧ ਸਮਾਜਿਕ ਵਾਸਤਵਿਕਤਾ ਨਾਲ ਹੈ , ਇਹ ਮਨੁੱਖ ਦੇ ਸੁਭਾਅ ਦਾ ਅਧਿਐਨ ਕਰਦੀ ਹੈ , ਮੂਲ ਸਿਧਾਂਤਾਂ ਦੀ ਖੋਜ ਕਰਦੀ ਹੈ , ਇਹ ਬਾਹਰਮੁੱਖੀ ਅਤੇ ਤਰਕਪੂਰਣ ਹੁੰਦੀ ਹੈ , ਇਹ ਸਮਾਜਿਕ ਘਟਨਾਵਾਂ ਵਿਚਕਾਰ ਕਾਰਣ ਤੇ ਪ੍ਰਭਾਵ ਦੇ ਸੰਬੰਧਾਂ ਦੀ ਵਿਆਖਿਆ ਕਰਦੀ ਹੈ , ਇਹ ਨਵੀਆਂ ਖੋਜ ਤਕਨੀਕਾਂ ਅਤੇ ਸਾਧਨਾ ਦੀ ਖੋਜ ਕਰਦੀ ਹੈ ਆਦਿ |